

ਗੁਰਦਾਸਪੁਰ ਬਟਾਲਾ

ਅਜੀਤ, ਜਲੰਧਰ
ਅਜੀਤ
ਸੋਮਵਾਰ, 9 ਦਸੰਬਰ 2024

5



ਆਰ.ਡੀ. ਖੋਸਲਾ ਸਕੂਲ ਵਿਖੇ 42ਵਾਂ ਇਨਾਮ ਵੰਡ ਅਤੇ ਸੱਭਿਆਚਾਰਕ ਪ੍ਰੋਗਰਾਮ ਭਾਗ-1 ਕਰਵਾਇਆ

ਬਟਾਲਾ, 8 ਦਸੰਬਰ (ਸਤਿੰਦਰ ਸਿੰਘ)-ਆਰ.ਡੀ. ਖੋਸਲਾ ਡੀ.ਏ.ਵੀ. ਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਦਾ 42ਵਾਂ ਇਨਾਮ ਵੰਡ ਅਤੇ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ। ਇਸ ਪ੍ਰੋਗਰਾਮ ਦੇ ਮੁੱਖ ਮਹਿਮਾਨ ਸਕੂਲ ਦੇ ਸਾਬਕਾ ਵਿਦਿਆਰਥੀ ਅਮਿਤ ਗੁਪਤਾ (ਸੀਨੀਅਰ ਪਾਰਟਨਰ ਆਫ਼ ਮੈਕਿਨਸੇ ਕੰਪਨੀ ਅਮਰੀਕਾ) ਸਨ। ਉਨ੍ਹਾਂ ਦੇ ਨਾਲ ਉਨ੍ਹਾਂ ਦੇ ਪਿਤਾ ਵਰਿੰਦਰ ਗੁਪਤਾ, ਮਾਤਾ ਸ੍ਰੀਮਤੀ ਰੀਟਾ ਗੁਪਤਾ, ਧਰਮਪਤਨੀ ਅਨੂੰ, ਬੇਟਾ ਅਦਿਵਿਤਿਆ ਅਤੇ ਬੇਟੀ ਆਹਾਨਾ ਮੌਜੂਦ ਸਨ। ਸਕੂਲ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੇ ਖੋਸਲਾ, ਪ੍ਰਿੰਸੀਪਲ ਡਾ: ਬਿੰਦੂ ਭੱਲਾ, ਪ੍ਰਬੰਧਕੀ ਕਮੇਟੀ ਮੈਂਬਰ ਸਰਦਾਰ ਭੁਪਿੰਦਰ ਸਿੰਘ, ਵਰਿੰਦਰ ਕਾਂਸਰਾ, ਕਮਲ ਅਰੋੜਾ ਅਤੇ ਮੋਨਿਕਾ ਖੋਸਲਾ ਨੇ ਜਯੋਤੀ ਜਗਾ ਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਇਸ ਪ੍ਰੋਗਰਾਮ ਦਾ ਵਿਸ਼ਾ ਨੌਂ ਰਸ ਦੀ ਪੇਸ਼ਕਾਰੀ ਸੀ, ਜਿਸ ਵਿਚ ਦਰਸਾਇਆ ਗਿਆ ਕਿ ਇਨਸਾਨ ਦੀ ਜ਼ਿੰਦਗੀ ਵਿਚ ਨੌਂ ਰਸਾਂ ਦਾ ਬਹੁਤ ਮਹੱਤਵ ਹੈ। ਇਨ੍ਹਾਂ ਤੋਂ ਬਗੈਰ ਜ਼ਿੰਦਗੀ ਬਿਲਕੁਲ ਅਧੂਰੀ ਹੈ। ਸ਼ਿੰਗਾਰ ਰਸ ਦੇ ਮਾਧਿਅਮ ਨਾਲ ਦੱਸਿਆ ਗਿਆ ਕਿ ਇਹ ਰਸ ਸੁਹੱਪਣ ਪ੍ਰੇਮ ਤੇ ਆਨੰਦ ਨੂੰ ਦਰਸਾਉਂਦਾ ਹੈ, ਕਰੁਣਾ ਰਸ ਵਿਚ ਦੱਸਿਆ ਗਿਆ ਕਿ ਦੁੱਖ-ਸੁੱਖ ਜੀਵਨ ਦੇ ਦੋ ਪਹਿਲੂ ਹਨ ਤੇ ਹਰ ਇਨਸਾਨ ਨੂੰ ਦੁੱਖ-ਸੁੱਖ ਭੋਗਣੇ ਹੀ ਪੈਂਦੇ ਹਨ, ਅਦਭੁਤ ਰਸ ਵਿਚ ਦਰਸਾਇਆ ਗਿਆ ਕਿ ਅਸਧਾਰਨ ਅਲੌਕਿਕ ਘਟਨਾਵਾਂ ਮਨੁੱਖੀ ਜੀਵਨ ਨੂੰ ਹੈਰਾਨ ਕਰ ਦਿੰਦੀਆਂ ਹਨ, ਵੀਰ ਰਸ ਜੀਵਨ ਵਿਚ ਉਤਸ਼ਾਹ, ਆਤਮ ਵਿਸ਼ਵਾਸ ਤੇ ਦ੍ਰਿੜ ਨਿਸ਼ਚੇ ਨੂੰ ਪ੍ਰਗਟ ਕਰਦਾ ਹੈ, ਸ਼ਾਂਤ ਰਸ ਆਤਮਿਕ ਸ਼ਾਂਤੀ ਦਾ ਪ੍ਰਤੀਕ ਹੈ, ਹਾਸਰਸ ਜੀਵਨ ਵਿਚ ਖੁਸ਼ੀ ਤੇ ਉਤਸ਼ਾਹ ਲਿਆਉਂਦਾ ਹੈ, ਸ਼ਬਰੀ ਤੇ ਮੀਰਾ ਬਾਈ ਦੀ ਭਗਤੀ ਦੇ ਨਾਟਕੀ ਰੂਪਾਂਤਰਣ ਨਾਲ ਭਗਤੀ ਰਸ ਨੂੰ ਪ੍ਰਗਟਾਇਆ ਗਿਆ। ਅਨਿਆ ਨੂੰ ਨਾ ਸਹਿਣ ਤੇ ਇਸ ਦੇ ਪ੍ਰਤੀ ਆਵਾਜ਼ ਉਠਾਉਣ ਦੀ ਪ੍ਰੇਰਨਾ ਰੌਦਰ ਰਸ ਦਿੰਦਾ ਹੈ। ਸਕੂਲ ਪ੍ਰਿੰਸੀਪਲ ਡਾ: ਬਿੰਦੂ ਭੱਲਾ ਨੇ ਸਮੂਹ ਮਹਿਮਾਨਾਂ, ਪ੍ਰਬੰਧਕ ਕਮੇਟੀ ਮੈਂਬਰਾਂ, ਮਾਪਿਆਂ, ਮੀਡੀਆ, ਅਧਿਆਪਕਾਂ, ਨਾਨ-ਟੀਚਿੰਗ ਸਟਾਫ਼ ਅਤੇ ਵਿਦਿਆਰਥੀਆਂ ਨੂੰ ਜੀ ਆਇਆਂ ਜੀ ਕਹਿੰਦੇ ਹੋਏ ਦੱਸਿਆ ਕਿ ਉਨ੍ਹਾਂ ਨੂੰ ਇਹ ਗੱਲ ਦੱਸਣ ਵਿਚ ਬਹੁਤ ਮਾਣ ਮਹਿਸੂਸ ਹੋ ਰਿਹਾ ਹੈ ਕਿ ਅੱਜ ਦੇ ਸਮਾਗਮ ਦੇ ਮੁੱਖ ਮਹਿਮਾਨ ਸਕੂਲ ਦੇ ਸਾਬਕਾ ਵਿਦਿਆਰਥੀ ਅਮਿਤ ਗੁਪਤਾ ਹਨ। ਸਕੂਲ ਦੀ ਸਾਲਾਨਾ ਰਿਪੋਰਟ ਪੜ੍ਹਦਿਆਂ ਉਨ੍ਹਾਂ ਅਕਾਦਮਿਕ ਖੇਤਰ ਨਾਲ ਸਬੰਧਿਤ ਵਿਦਿਆਰਥੀਆਂ ਦੀਆਂ ਸਮੂਹਿਕ ਪ੍ਰਾਪਤੀਆਂ ਤੋਂ ਜਾਣੂ ਕਰਵਾਇਆ। ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ ਨੇ ਆਏ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਵਿਦਿਆਰਥੀਆਂ ਵਲੋਂ ਪੇਸ਼ ਕੀਤੇ ਪ੍ਰੋਗਰਾਮ ਦੀ ਸ਼ਾਲਾਘਾ ਕੀਤੀ ਅਤੇ ਵਿਦਿਆਰਥੀਆਂ ਨੂੰ ਦੱਸਿਆ ਕਿ ਜੀਵਨ ਇਕ ਰੰਗ ਮੰਚ ਹੈ ਉਮੀਦ, ਉਤਸ਼ਾਹ ਤੇ ਦ੍ਰਿੜ ਨਿਸ਼ਚੇ ਨਾਲ ਜੀਵਨ ਵਿਚ ਹਰ ਮੁਕਾਮ ਹਾਸਿਲ ਕੀਤਾ ਜਾ ਸਕਦਾ ਹੈ। ਸਕੂਲ ਦੇ ਪ੍ਰਧਾਨ ਅਜੇ ਖੋਸਲਾ ਨੇ ਸਾਰੇ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ। ਇਸ ਮੌਕੇ ਮੁੱਖ ਮਹਿਮਾਨ ਅਮਿਤ ਗੁਪਤਾ ਨੇ ਕਿਹਾ ਕਿ ਇੱਕ ਇਨਸਾਨ ਦੀ ਜ਼ਿੰਦਗੀ ਵਿਚ ਦੋ ਸੰਸਥਾਵਾਂ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਪ੍ਰੋਗਰਾਮ ਦੇ ਅੰਤ ਵਿਚ ਮੁੱਖ ਮਹਿਮਾਨ ਵਲੋਂ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਸਕੂਲ ਦੀ ਪ੍ਰਬੰਧਕੀ ਕਮੇਟੀ ਵਲੋਂ ਮੁੱਖ ਮਹਿਮਾਨ ਸ੍ਰੀ ਅਮਿਤ ਗੁਪਤਾ ਨੂੰ ਸ਼ਾਲ ਅਤੇ ਯਾਦਗਾਰੀ ਚਿੰਨ੍ਹ ਭੇਂਟ ਕਰ ਕੇ ਸਨਮਾਨਿਤ ਕੀਤਾ ਗਿਆ।

ਆਰ.ਡੀ. ਖੋਸਲਾ ਸਕੂਲ 'ਚ ਕਰਵਾਏ ਸਾਲਾਨਾ ਸਮਾਗਮ ਦਾ ਦ੍ਰਿਸ਼। ਤਸਵੀਰ : ਜਤਿੰਦਰ ਕੱਦ

ਇਨਾਮ ਵੰਡ ਸਮਾਗਮ ਦੌਰਾਨ ਮੁੱਖ ਮਹਿਮਾਨ ਫਤਿਹਜੰਗ ਸਿੰਘ ਬਾਜਵਾ ਦਾ ਸਵਾਗਤ ਕਰਨ ਮੌਕੇ ਚੇਅਰਮੈਨ ਕੰਵਲ ਬਖ਼ਸ਼ੀ ਅਤੇ ਹੋਰ ਮੈਨੇਜਮੈਂਟ। ਤਸਵੀਰ: ਵਿਸ਼ਾਲ ਮੁੰਨਾ

ਹੈਪੀ ਸਕੂਲ, ਸੈਂਟ ਮੇਰੀਜ਼ ਅਤੇ ਰੋਕ ਫੋਰਡ ਸਕੂਲ ਦਾ ਸਾਲਾਨਾ ਇਨਾਮ ਵੰਡ ਸਮਾਗਮ ਅਮਿੱਟ ਯਾਦਾਂ ਛੱਡਦਾ ਹੋਇਆ ਸਮਾਪਤ

ਭਾਜਪਾ ਪੰਜਾਬ ਦੇ ਉਪ ਪ੍ਰਧਾਨ ਫਤਿਹਜੰਗ ਸਿੰਘ ਬਾਜਵਾ ਨੇ ਮੁੱਖ ਮਹਿਮਾਨ ਵਜੋਂ ਕੀਤੀ ਸ਼ਿਰਕਤ

ਗੁਰਦਾਸਪੁਰ, 8 ਦਸੰਬਰ (ਜਸਵਿੰਦਰ ਕੌਰ)-ਹੈਪੀ ਸਕੂਲ, ਸੈਂਟ ਮੇਰੀਜ਼ ਸਕੂਲ ਅਤੇ ਰੋਕ ਫੋਰਡ ਸਕੂਲ ਦਾ ਸਲਾਨਾ ਇਨਾਮ ਵੰਡ ਸਮਾਗਮ ਅਮਿੱਟ ਯਾਦਾਂ ਛੱਡਦਾ ਹੋਇਆ ਸਮਾਪਤ ਹੋ ਗਿਆ। ਇਸ ਮੌਕੇ ਭਾਜਪਾ ਪੰਜਾਬ ਦੇ ਉਪ ਪ੍ਰਧਾਨ ਫਤਿਹਜੰਗ ਸਿੰਘ ਬਾਜਵਾ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਜਿਨ੍ਹਾਂ ਦਾ ਸਕੂਲ ਮੈਨੇਜਮੈਂਟ ਵਲੋਂ ਨਿੱਘਾ ਸਵਾਗਤ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਦੀਪ ਜਗਾ ਕੇ ਅਤੇ ਸਵਾਗਤੀ ਗੀਤ ਨਾਲ ਹੋਈ। ਇਸ ਮੌਕੇ ਵਿਦਿਆਰਥੀਆਂ ਵਲੋਂ ਵੱਖ-ਵੱਖ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਗਏ। ਸੈਂਟ ਮੇਰੀਜ਼ ਸਕੂਲ ਦੇ ਪ੍ਰਿੰਸੀਪਲ ਰਾਣੋ ਬਖ਼ਸ਼ੀ ਨੇ ਤਿੰਨਾਂ ਸਕੂਲਾਂ ਦੀ ਸਲਾਨਾ ਰਿਪੋਰਟ ਪੇਸ਼ ਕੀਤੀ ਅਤੇ ਸਕੂਲ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਇਆ। ਮੁੱਖ ਮਹਿਮਾਨ ਫਤਿਹਜੰਗ ਸਿੰਘ ਬਾਜਵਾ ਅਤੇ ਚੇਅਰਮੈਨ ਕੰਵਲ ਬਖ਼ਸ਼ੀ ਵਲੋਂ ਅੱਵਲ ਰਹਿਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਮਿਹਨਤ ਤੇ ਲਗਨ ਨਾਲ ਅੱਗੇ ਵੱਧਣ ਦੀ ਪ੍ਰੇਰਨਾ ਦਿੱਤੀ। ਸੈਂਟ ਮੇਰੀਜ਼ ਸਕੂਲ ਦੇ ਉਪ ਪ੍ਰਿੰਸੀਪਲ ਕਾਜਲ ਵਲੋਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਅੰਤ ਵਿਚ ਰਾਸ਼ਟਰੀ ਗਾਨ ਗਾਉਣ ਨਾਲ ਪ੍ਰੋਗਰਾਮ ਦੀ ਸਮਾਪਤੀ ਹੋਈ। ਇਸ ਮੌਕੇ ਸੇਵਾ ਮੁਕਤ ਕਰਨਲ ਅਮਰਜੀਤ ਸਿੰਘ ਭੁੱਲਰ, ਡਿਪਟੀ ਡਾਇਰੈਕਟਰ ਗੁਰਦੀਪ ਸਿੰਘ, ਸੇਵਾ ਮੁਕਤ ਸਬ ਇੰਜੀਨੀਅਰ ਮਹਿੰਦਰ ਪਾਲ, ਸਾਬਕਾ ਐਮ.ਸੀ. ਰਾਜ ਕੁਮਾਰ, ਰਾਜੇਸ਼ ਵਰਮਾ, ਮੈਨੇਜਰ ਅਜੇਪਾਲ ਸਿੰਘ ਕੋਆਪ੍ਰੇਟਿਵ ਬੈਂਕ, ਪਰਮਜੀਤ ਸਿੰਘ ਘੁੰਮਣ ਕੈਨੇਡਾ, ਬਲਬੀਰ ਸਿੰਘ ਰੰਧਾਵਾ ਐਮ.ਸੀ., ਭਾਜਪਾ ਪ੍ਰਧਾਨ ਗੁਰਮੀਤ ਕੌਰ, ਜੋਗਿੰਦਰ ਪਾਲ, ਗੁਰਮੇਲ ਸਿੰਘ, ਹੈਪੀ ਸਕੂਲ ਦੇ ਉਪ ਪ੍ਰਿੰਸੀਪਲ ਵਿਜੇ ਲਕਸ਼ਮੀ, ਰੋਕ ਫੋਰਡ ਦੇ ਮੁੱਖ ਅਧਿਆਪਕ ਮੋਨਿਕਾ ਕਾਇਲਾ, ਕਾਮਨਾ, ਸਿਮਰਨ, ਰਿੰਪੀ, ਕੁਲਦੀਪ ਕੌਰ, ਪ੍ਰੀਤਮ ਕੌਰ, ਮਨਮੋਹਨ ਸਿੰਘ, ਬਲਦੇਵ ਖੋਖਰ ਅਤੇ ਤਿੰਨਾਂ ਸਕੂਲਾਂ ਦਾ ਸਮੂਹ ਸਟਾਫ਼ ਹਾਜ਼ਰ ਸੀ।

ਸੰਗਤਾਂ ਨੂੰ ਸੰਬੋਧਨ ਕਰਦੇ ਸੰਤ ਤਰਲੋਚਨ ਦਾਸ। ਤਸਵੀਰ : ਵਨੀਤ ਗੋਇਲ, ਜਤਿੰਦਰ ਕੱਦ

ਸੰਤ ਦਰਸ਼ਨ ਦਾਸ ਦੇ ਜਨਮ ਦਿਹਾੜੇ ਨੂੰ ਸਮਰਪਿਤ ਤਿੰਨ ਰੋਜ਼ਾ ਧਾਰਮਿਕ ਸਮਾਗਮ ਹੋਇਆ

ਪ੍ਰਭੂ ਦਾ ਨਾਮ ਹੀ ਦੁਨੀਆ 'ਚੋਂ ਪਾਰ ਕਰਵਾ ਸਕਦਾ ਹੈ-ਸੰਤ ਤਰਲੋਚਨ ਦਾਸ

ਬਟਾਲਾ, 8 ਦਸੰਬਰ (ਹਰਦੇਵ ਸਿੰਘ ਸੰਧੂ)-ਸੱਚਖੰਡ ਨਾਨਕ ਧਾਮ ਬਟਾਲਾ ਵਿਖੇ ਹਰ ਸਾਲ ਦੀ ਤਰ੍ਹਾਂ ਸੰਤ ਦਰਸ਼ਨ ਦਾਸ ਦੇ 71ਵੇਂ ਜਨਮ ਦਿਵਸ ਨੂੰ ਸਮਰਪਿਤ 6, 7 ਤੇ 8 ਦਸੰਬਰ ਨੂੰ ਤਿੰਨ ਰੋਜ਼ਾ ਧਾਰਮਿਕ ਸਮਾਗਮ ਕਰਵਾਇਆ ਗਿਆ। ਇਨ੍ਹਾਂ ਸਮਾਗਮਾਂ 'ਚ ਦੇਸ਼-ਵਿਦੇਸ਼ਾਂ ਤੋਂ ਲੱਖਾਂ ਸੰਗਤਾਂ ਨੇ ਆਪਣੀ ਹਾਜ਼ਰੀ ਲਗਵਾਈ ਤੇ ਧਾਰਮਿਕ ਸਮਾਗਮਾਂ ਦਾ ਆਨੰਦ ਮਾਣਿਆ। ਇਸ ਸਮਾਗਮ 'ਚ ਮੌਜੂਦਾ ਗੱਦੀ ਨਸ਼ੀਨ ਸੰਤ ਤਰਲੋਚਨ ਦਰਸ਼ਨ ਦਾਸ ਨੇ ਤਿੰਨ ਦਿਨ ਸੰਗਤਾਂ ਨੂੰ ਕਥਾ ਤੇ ਨਾਮ ਸਿਮਰਨ ਦੁਆਰਾ ਪ੍ਰਭੂ ਨਾਲ ਜੋੜਿਆ। ਇਸ ਤੋਂ ਇਲਾਵਾ ਤਿੰਨ ਦਿਨ ਲਗਾਤਾਰ ਕੀਰਤਨ ਦਾ ਪ੍ਰਵਾਹ ਵੀ ਚੱਲਿਆ। ਸੰਤ ਤਰਲੋਚਨ ਸਿੰਘ ਦਰਸ਼ਨ ਦਾਸ ਨੇ ਹਾਜ਼ਰ ਸੰਗਤਾਂ ਨੂੰ ਇਸ ਦੁਨੀਆ ਤੋਂ ਪਾਰ ਉਤਾਰੇ ਲਈ ਨਾਮ ਸਿਮਰਨ ਕਰਨ ਲਈ ਪ੍ਰੇਰਿਆ। ਇਸ ਤੋਂ ਇਲਾਵਾ ਇਨ੍ਹਾਂ ਸਮਾਗਮਾਂ ਦੌਰਾਨ ਲੋੜਵੰਦ ਲੜਕੀਆਂ ਦੇ ਵਿਆਹ ਵੀ ਕੀਤੇ ਗਏ, ਮੈਡੀਕਲ ਕੈਂਪ ਵੀ ਲਗਾਏ, ਜਿਸ ਦੌਰਾਨ ਮਰੀਜ਼ਾਂ ਦਾ ਨਿਰੀਖਣ ਤੇ ਦਵਾਈਆਂ ਮੁਫ਼ਤ ਦਿੱਤੀਆਂ ਗਈਆਂ। ਪ੍ਰੋਗਰਾਮਾਂ ਦੌਰਾਨ ਪਹੁੰਚੇ ਵੱਖ-ਵੱਖ ਧਰਮਾਂ ਦੇ ਧਾਰਮਿਕ, ਸਮਾਜਿਕ ਤੇ ਰਾਜਨੀਤਕ ਪਤਵੰਤੇ ਸੱਜਣਾਂ ਦਾ ਸੰਤ ਤਰਲੋਚਨ ਦਾਸ ਵਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਹਲਕਾ ਵਿਧਾਇਕ ਤੇ ਸੂਬਾ ਕਾਰਜਕਾਰੀ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਸਾ. ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਸਮਾਜ ਸੇਵੀ ਹਰਮਨਜੀਤ ਸਿੰਘ ਗੁਰਾਇਆ, ਮੇਅਰ ਸੁਖਦੀਪ ਸਿੰਘ ਤੇਜਾ, ਅਰੁਣ ਅਗਰਵਾਲ, ਹਰਨੇਕ ਸਿੰਘ ਨੇਕੀ ਕੌਂਸਲਰ, ਗੁਡੂ ਸੇਠ, ਦਾਸ ਸੁਨੀਲ, ਸਤਨਾਮ ਸਿੰਘ, ਦੀਪਕ ਮਰਵਾਹਾ ਦਿੱਲੀ, ਬਾਬਾ ਚਰਨਜੀਤ ਸਿੰਘ, ਮਨਜੀਤ ਸਿੰਘ ਆਦਿ ਹਾਜ਼ਰ ਸਨ।

ਲੜਕੀ ਨੂੰ ਵਰਗਲਾ ਕੇ ਲਿਜਾਣ ਵਾਲੇ ਖ਼ਿਲਾਫ਼ ਮਾਮਲਾ ਦਰਜ

ਧਾਰੀਵਾਲ, 8 ਦਸੰਬਰ (ਸਵਰਨ ਸਿੰਘ)-ਲੜਕੀ ਨੂੰ ਵਰਗਲਾ ਕੇ ਲਿਜਾਣ ਵਾਲੇ ਇਕ ਲੜਕੇ ਦੇ ਖਿਲਾਫ਼ ਥਾਣਾ ਧਾਰੀਵਾਲ ਵਿਖੇ ਮਾਮਲਾ ਦਰਜ ਹੋਇਆ ਹੈ। ਇਸ ਸਬੰਧ ਵਿਚ ਐਸ.ਐਚ.ਓ. ਬਲਜੀਤ ਕੌਰ ਨੇ ਦੱਸਿਆ ਕਿ ਸੂਰਜ ਪੁੱਤਰ ਇਮੈਨੂਅਲ ਮਸੀਹ ਨੇ ਪੁਲਿਸ ਨੂੰ ਦਿੱਤੇ ਬਿਆਨਾਂ ਵਿਚ ਦੱਸਿਆ ਕਿ ਉਹ ਆਪਣੀ ਰਿਸ਼ਤੇਦਾਰੀ ਵਿੱਚ ਗਿਆ ਹੋਇਆ ਸੀ ਤਾਂ ਲਗਪਗ ਸ਼ਾਮ 5 ਵਜੇ ਨੂੰ ਜਦ ਘਰ ਵਾਪਸ ਆਇਆ ਤਾ ਉਸ ਦੀ ਪਤਨੀ ਨੇ ਦੱਸਿਆ ਕਿ ਉਸ ਦੀ ਲੜਕੀ ਰੂਬੀਨਾ (ਕਾਲਪਲਿਕ ਨਾਂਅ) ਘਰੇਲੂ ਸਾਮਾਨ ਲੈਣ ਵਾਸਤੇ ਵਕਤ ਲਗਪਗ ਸਵੇਰੇ 10:30 ਵਜੇ ਬਾਜ਼ਾਰ ਗਈ ਸੀ, ਜੋ ਘਰ ਵਾਪਸ ਨਹੀ ਆਈ, ਜਿਸ ਦੀ ਭਾਲ ਕਰਨ 'ਤੇ ਪਤਾ ਲੱਗਾ ਹੈ ਕਿ ਉਸ ਦੀ ਲੜਕੀ ਨੂੰ ਜੋਸ਼ ਪੁੱਤਰ ਜੇਮਸ ਮਸੀਹ ਵਾਸੀ ਰਣਜੀਤ ਐਵਨਿਊ ਅੰਮ੍ਰਿਤਸਰ ਵਿਆਹ ਕਰਵਾਉਣ ਦਾ ਝਾਂਸਾ ਦੇ ਕੇ ਵਰਗਲਾ-ਫੁਸਲਾ ਕੇ ਆਪਣੇ ਨਾਲ ਲੈ ਗਿਆ ਹੈ, ਜਿਸ 'ਤੇ ਪੁਲਿਸ ਨੇ ਸੂਰਜ ਦੇ ਬਿਆਨਾਂ 'ਤੇ ਉਕਤ ਦੋਸ਼ੀ ਖਿਲਾਫ਼ ਮਾਮਲਾ ਦਰਜ ਕਰਕੇ ਭਾਲ ਸ਼ੁਰੂ ਕਰ ਦਿੱਤੀ ਹੈ।

ਪਾਵਰਕਾਮ ਤੇ ਟਰਾਂਸਕੋ ਦੇ ਪੈਨਸ਼ਨਰਾਂ ਦੀ ਮੀਟਿੰਗ ਕੱਲ੍ਹ-ਸੁਰਿੰਦਰ ਪੱਪੂ

ਗੁਰਦਾਸਪੁਰ, 8 ਦਸੰਬਰ (ਅਸ਼ੋਕ ਸ਼ਰਮਾ)-ਟੈਕਨੀਕਲ ਸਰਵਿਸਿਜ਼ ਯੂਨੀਅਨ ਪੰਜਾਬ ਦੇ ਸਾਬਕਾ ਵਿੱਤ ਸਕੱਤਰ ਸੁਰਿੰਦਰ ਪੱਪੂ ਨੇ ਵਿਸ਼ੇਸ਼ ਤੌਰ 'ਤੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪਾਵਰਕਾਮ ਦੇ ਪੈਨਸ਼ਨਰਾਂ ਦੀ ਲੰਬੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਪੰਜਾਬ ਸਰਕਾਰ ਵਲੋਂ ਲਾਗੂ ਨਾ ਕਰਨ ਦੇ ਵਿਰੋਧ ਵਿਚ ਪੈਨਸ਼ਨਰ ਐਸੋਸੀਏਸ਼ਨ ਵਲੋਂ ਸੰਘਰਸ਼ ਨੂੰ ਤੇਜ਼ ਕਰਨ ਲਈ ਜ਼ਿਲ੍ਹਾ ਪੱਧਰ 'ਤੇ ਕੀਤੀਆਂ ਜਾ ਰਹੀਆਂ ਕਨਵੈਨਸ਼ਨਾਂ ਵਿਚ ਭਾਗ ਲੈਣ ਲਈ ਪਾਵਰਕਾਮ ਤੇ ਟਰਾਂਸਕੋ ਦੇ ਪੈਨਸ਼ਨਰਾਂ ਦੀ ਮੀਟਿੰਗ 10 ਦਸੰਬਰ ਦਿਨ ਮੰਗਲਵਾਰ 10:30 ਵਜੇ 66 ਕੇ.ਵੀ. ਬਿਜਲੀ ਘਰ ਪੁਰਾਣਾ ਸ਼ਾਲਾ ਵਿਚ ਬੁਲਾਈ ਗਈ ਹੈ। ਸ੍ਰੀ ਪੱਪੂ ਨੇ ਦੱਸਿਆ ਕਿ ਇਸ ਮੀਟਿੰਗ ਵਿਚ ਪੈਨਸ਼ਨਰਾਂ ਦੀਆਂ ਮੰਡਲ ਗੁਰਦਾਸਪੁਰ ਨਾਲ ਸਬੰਧਿਤ ਲੰਬੇ ਸਮੇਂ ਤੋਂ ਪੈਂਡਿੰਗ ਪਈਆਂ ਮੰਗਾਂ ਬਾਰੇ ਵੀ ਵਿਚਾਰ ਕਰਕੇ ਉਨ੍ਹਾਂ ਮੰਗਾਂ ਦਾ ਨਿਪਟਾਰਾ ਕਰਨ ਲਈ ਮੰਗ ਪੱਤਰ ਤਿਆਰ ਕਰਕੇ ਵਧੀਕ ਨਿਗਰਾਨ ਇੰਜੀਨੀਅਰ ਗੁਰਦਾਸਪੁਰ ਨੂੰ ਦਿੱਤਾ ਜਾਵੇਗਾ।

ਸੁਰਿੰਦਰ ਪੱਪੂ

ਬੰਗਲਾਦੇਸ਼ ਵਿਰੁੱਧ ਰੋਸ ਮਾਰਚ ਸੰਬੰਧੀ ਮੀਟਿੰਗ ਕਰਦੇ ਧਰਮ ਰਕਸ਼ਾ ਮੰਚ ਦੇ ਮੈਂਬਰ। ਤਸਵੀਰ : ਜਤਿੰਦਰ ਕੱਦ

ਧਰਮ ਰਕਸ਼ਾ ਮੰਚ ਵਲੋਂ ਬੰਗਲਾਦੇਸ਼ ਵਿਰੁੱਧ ਵਿਸ਼ਾਲ ਰੋਸ ਮਾਰਚ ਭਲਕੇ

ਬਟਾਲਾ, 8 ਦਸੰਬਰ (ਸਤਿੰਦਰ ਸਿੰਘ)-ਧਰਮ ਰਕਸ਼ਾ ਮੰਚ ਵਲੋਂ ਬੰਗਲਾਦੇਸ਼ 'ਚ ਹਿੰਦੂਆਂ 'ਤੇ ਹੋ ਰਹੇ ਅੱਤਿਆਚਾਰ ਦੇ ਵਿਰੋਧ ਵਿਚ 10 ਦਸੰਬਰ ਨੂੰ ਇਕ ਵਿਸ਼ਾਲ ਰੋਸ ਮਾਰਚ ਕੱਢਿਆ ਜਾਵੇਗਾ। ਬੰਗਲਾਦੇਸ਼ ਦੇ ਵਿਰੋਧ ਵਿਚ ਰੱਖੇ ਰੋਸ ਮਾਰਚ ਸੰਬੰਧੀ ਦੈਨਿਕ ਪ੍ਰਾਥਨਾ ਸਭਾ 'ਚ ਵੱਖ-ਵੱਖ ਸੰਸਥਾਵਾਂ ਦੇ ਅਹੁਦੇਦਾਰਾਂ ਦੀ ਮੀਟਿੰਗ ਹੋਈ, ਜਿਸ ਵਿਚ ਅਸ਼ੋਕ ਅਗਰਵਾਲ, ਕੇ.ਐਲ. ਗੁਪਤਾ, ਅਰੁਣ ਅਗਰਵਾਲ, ਰਮੇਸ਼ ਖੋਸਲਾ, ਪਰਮਜੀਤ ਤਲਵਾੜ ਵਲੋਂ ਵੱਖ-ਵੱਖ ਪਤਵੰਤੇ ਸੱਜਣਾਂ ਦੇ ਸੁਝਾਅ ਲਏ ਗਏ। ਬੁਲਾਰਿਆਂ ਨੇ ਦੱਸਿਆ ਕਿ 10 ਦਸੰਬਰ ਨੂੰ ਸਵੇਰੇ 10 ਵਜੇ ਨਹਿਰੂ ਗੇਟ ਤੋਂ ਸੈਂਕੜੇ ਲੋਕਾਂ ਨਾਲ ਐੱਸ.ਡੀ.ਐੱਮ. ਦਫਤਰ ਤੱਕ ਰੋਸ ਮਾਰਚ ਕੱਢਿਆ ਜਾਵੇਗਾ, ਜਿਸ ਵਿਚ ਮਹਿਲਾਵਾਂ ਦਾ ਵੀ ਵਿਸ਼ੇਸ਼ ਯੋਗਦਾਨ ਹੋਵੇਗਾ। ਉਨ੍ਹਾਂ ਦੱਸਿਆ ਕਿ ਬੰਗਲਾਦੇਸ਼ ਵਿਚ ਹਿੰਦੂਆਂ ਨੂੰ ਸੁਰੱਖਿਆ ਦੇਣ ਲਈ ਇਕ ਮੰਗ ਪੱਤਰ ਰਾਸ਼ਟਰਪਤੀ ਦੇ ਨਾਂਅ ਦਿੱਤਾ ਜਾਵੇਗਾ ਅਤੇ ਆਏ ਹੋਏ ਲੋਕਾਂ ਦੇ ਵਿਚਾਰ ਲਏ ਜਾਣਗੇ। ਅੱਜ ਦੀ ਮੀਟਿੰਗ ਵਿਚ ਫੈਸਲਾ ਕੀਤਾ ਕਿ ਰੋਸ ਮਾਰਚ ਵਿਚ ਆਰ.ਐੱਸ.ਐੱਸ., ਬ੍ਰਾਹਮਣ ਸਭਾ, ਨੀਵ ਵੈਲਫੇਅਰ, ਬੰਧਨ ਵੈਲਫੇਅਰ ਆਰਗੇਨਾਈਜੇਸ਼ਨ, ਕ੍ਰਾਂਤੀ ਸੈਨਾ, ਸਹਾਰਾ ਕਲੱਬ, ਦੈਨਿਕ ਪ੍ਰਾਥਨਾ ਸਭਾ, ਦਿਆਵਾਨ ਕਲੱਬ, ਵਿਸ਼ਵ ਹਿੰਦੂ ਪ੍ਰੀਸ਼ਦ, ਵਿਸ਼ਵਾਸ਼ ਫਾਊਂਡੇਸ਼ਨ ਤੋਂ ਇਲਾਵਾ ਬਟਾਲਾ ਦੇ ਬੁਧੀਜੀਵੀ, ਨੌਜਵਾਨ ਭਾਰੀ ਗਿਣਤੀ 'ਚ ਪਹੁੰਚਣਗੇ।

ਬਲਾਕ ਡੇਰਾ ਬਾਬਾ ਨਾਨਕ ਦੇ ਪਿੰਡਾਂ ਵਿਚ ਜਲ ਸਪਲਾਈ ਅਤੇ ਸੈਨੀਟੇਸ਼ਨ ਕਮੇਟੀਆਂ ਬਣਾਈਆਂ : ਕਾਹਲੋਂ

ਵਡਾਲਾ ਬਾਂਗਰ, 8 ਦਸੰਬਰ (ਮਨਜੀਤ ਸਿੰਘ ਚੀਮਾ)-ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਡਵੀਜਨ ਬਟਾਲਾ ਨੰਬਰ 02 ਦੇ ਕਾਰਜਕਾਰੀ ਇੰਜੀਨੀਅਰ ਸ: ਸੁਖਦੀਪ ਸਿੰਘ ਧਾਲੀਵਾਲ ਦੇ ਦਿਸ਼ਾ-ਨਿਰਦੇਸ਼ਾਂ ਅਤੇ ਉਪ ਮੰਡਲ ਇੰਜੀਨੀਅਰ ਦਰਸਨ ਕੁਮਾਰ ਦੀ ਯੋਗ ਅਗਵਾਈ ਹੇਠ ਬਲਾਕ ਡੇਰਾ ਬਾਬਾ ਨਾਨਕ ਦੇ ਪਿੰਡਾਂ ਵਿਚ ਨਵੀਆਂ ਜਲ ਸਪਲਾਈ ਅਤੇ ਸੈਨੀਟੇਸ਼ਨ ਕਮੇਟੀਆਂ ਬਣਾਈਆਂ ਗਈਆਂ ਤਾਂ ਜੋ ਲੋਕਾਂ ਨੂੰ ਸਾਫ ਤੇ ਸ਼ੁੱਧ ਪਾਣੀ ਮੁਹੱਈਆ ਕਰਵਾਇਆ ਜਾ ਸਕੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਬਲਾਕ ਕੋਆਰਡੀਨੇਟਰ ਸਰਬਜੀਤ ਸਿੰਘ ਕਾਹਲੋਂ ਨੇ ਕੀਤਾ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਹਰ ਘਰ ਨਾਲ ਹਰ ਘਰ ਜਲ ਤਹਿਤ ਲੋਕਾਂ ਨੂੰ ਜਾਗਰੂਕ ਕਰਨ ਲਈ ਅਤੇ ਸਵੱਛਤਾ ਹੀ ਸੇਵਾ ਮੁਹਿੰਮ ਤਹਿਤ ਨਵੀਆਂ ਜਲ ਸਪਲਾਈ ਕਮੇਟੀਆਂ ਦਾ ਗਠਨ ਕੀਤਾ ਜਾ ਰਿਹਾ ਹੈ ਤਾਂ ਜੋ ਭਵਿੱਖ ਵਿਚ ਲੋਕਾਂ ਨੂੰ ਸਾਫ ਤੇ ਸ਼ੁੱਧ ਪਾਣੀ ਸੰਬੰਧੀ ਕੋਈ ਮੁਸ਼ਕਲ ਨਾ ਹੋਵੇ। ਉਨ੍ਹਾਂ ਨਵੀਆਂ ਬਣੀਆਂ ਕਮੇਟੀਆਂ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਅਤੇ ਕਰਤੱਵਾਂ ਸੰਬੰਧੀ ਵੀ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਇਸ ਮੌਕੇ ਮਾਰਕੀਟ ਕਮੇਟੀ ਕਲਾਨੌਰ ਦੇ ਚੇਅਰਮੈਨ ਰਣਜੇਤ ਸਿੰਘ ਬਾਠ ਝੰਗੀ ਪੰਨਵਾਂ ਅਤੇ ਪਿੰਡ ਵਾਸੀ ਹਾਜ਼ਰ ਸਨ।

ਫਾਦਰ ਵਿਲੀਅਮ ਸਹੋਤਾ ਵਲੋਂ ਨਵੇਂ ਚੁਣੇ ਪੰਚ ਸਰਪੰਚ ਸਨਮਾਨਿਤ ਕਰਨ ਸਮੇਂ। ਤਸਵੀਰ : ਜੇਮਸ ਨਾਹਰ

ਫਾਦਰ ਵਿਲੀਅਮ ਸਹੋਤਾ ਵਲੋਂ ਨਵੇਂ ਚੁਣੇ ਪੰਚ-ਸਰਪੰਚ ਸਨਮਾਨਿਤ

ਧਾਰੀਵਾਲ, 8 ਦਸੰਬਰ (ਜੇਮਸ ਨਾਹਰ)-ਐੱਸ.ਸੀ., ਐੱਸ.ਟੀ., ਓ.ਬੀ.ਸੀ. ਅਤੇ ਮਾਈਗ੍ਰੇਸ਼ਨ ਡਾਇਓਸਿਸ ਆਫ ਜਲੰਧਰ ਪੰਜਾਬ ਦੇ ਡਾਇਰੈਕਟਰ ਅਤੇ ਗੁਰਦਾਸਪੁਰ ਡੀਨਰੀ ਦੇ ਡੀਨ ਫਾਦਰ ਵਿਲੀਅਮ ਸਹੋਤਾ ਵਲੋਂ ਸੰਤ ਜੋਸਫ ਚਰਚ ਵਿਖੇ ਨਵੇਂ ਚੁਣੇ ਪੰਚ-ਸਰਪੰਚ ਸਨਮਾਨਿਤ ਕੀਤੇ ਗਏ। ਇਸ ਦੌਰਾਨ ਫਾਦਰ ਨੇ ਕਿਹਾ ਕਿ ਮਸੀਹ ਲੋਕਾਂ ਲਈ ਬੜੀ ਮਾਣ ਵਾਲੀ ਗੱਲ ਹੈ ਕਿ ਉਹ ਵੀ ਸੱਤਾ ਵਿਚ ਅੱਗੇ ਆਏ ਹਨ ਅਤੇ ਪੰਚ-ਸਰਪੰਚ ਦੀ ਚੋਣ ਜਿੱਤੇ ਹਨ। ਇਸ ਦੌਰਾਨ ਉਨ੍ਹਾਂ ਹਾਜ਼ਰ ਸਾਰੇ ਪੰਚਾਂ-ਸਰਪੰਚਾਂ ਲਈ ਪ੍ਰਭੂ ਯਿਸੂ ਮਸੀਹ ਅੱਗੇ ਦੁਆ ਕਰਦੇ ਹੋਏ ਸਭ ਦੀ ਤਰੱਕੀ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਪੰਜਾਬ ਭਾਜਪਾ ਦੇ ਸੂਬਾ ਪ੍ਰਧਾਨ ਥੋਮਸ ਮਸੀਹ, ਬਲਵਿੰਦਰ ਮਸੀਹ, ਵਾਰਿਸ ਮਸੀਹ, ਸੁਖਵਿੰਦਰ ਮਸੀਹ, ਯਕੂਬ ਮਸੀਹ, ਜੀਤਾ, ਬਿੱਟੂ ਮਸੀਹ, ਬਲਵਿੰਦਰ ਮਸੀਹ, ਸਟੀਫਨ ਮਸੀਹ, ਦਲਬੀਰ ਮਸੀਹ, ਸਵਰਨ ਮਸੀਹ, ਡਾਕਟਰ ਸ਼ਮਾਊਨ, ਬਸ਼ੀਰ ਮਸੀਹ ਆਦਿ ਹਾਜ਼ਰ ਸਨ।

ਵਿਆਹੁਤਾ ਨੂੰ ਪਤੀ ਵਲੋਂ ਤੰਗ ਪ੍ਰੇਸ਼ਾਨ ਕਰਨ ਦਾ ਦੋਸ਼

ਵਿਆਹ 'ਚ ਦਿੱਤਾ ਸਾਮਾਨ ਪਤੀ ਨਸ਼ੇੜੀ ਹੋਣ ਕਰਕੇ ਖੁਰਦ ਬੁਰਦ ਕਰਕੇ ਪਤਨੀ ਨੂੰ ਕੱਢਿਆ ਘਰੋਂ ਬਾਹਰ

ਗੁਰਦਾਸਪੁਰ, 8 ਦਸੰਬਰ (ਅਸ਼ੋਕ ਸ਼ਰਮਾ)-ਪੁਲਿਸ ਸਟੇਸ਼ਨ ਦੀਨਾਨਗਰ ਅੰਦਰ ਪੈਂਦੇ ਪਿੰਡ ਨਾਰਦਾਂ ਦੀ ਵਿਆਹੁਤਾ ਨੇ ਆਪਣੇ ਪਤੀ ਖਿਲਾਫ਼ ਦਿੱਤੀਆਂ ਦਰਖਾਸਤਾਂ 'ਤੇ ਪੁਲਿਸ ਵਲੋਂ ਕੋਈ ਵੀ ਕਾਰਵਾਈ ਨਾ ਕਰਨ ਦੇ ਗੰਭੀਰ ਦੋਸ਼ ਲਗਾਏ ਹਨ ਅਤੇ ਵਿਆਹੁਤਾ ਨੂੰ ਉਸ ਦੇ ਪਤੀ ਵਲੋਂ ਘੱਟ ਦਾਜ ਲਿਆਉਣ 'ਤੇ ਬੱਚੇ ਸਮੇਤ ਘਰੋਂ ਪੇਕੇ ਘਰ ਭੇਜ ਦਿੱਤਾ ਹੈ। ਜਿਸ ਕਰਕੇ ਵਿਆਹੁਤਾ ਕਾਫ਼ੀ ਦੁਖੀ ਹੈ। ਪੀੜਤ ਵਿਆਹੁਤਾ ਪਵਨ ਪੁੱਤਰੀ ਜੋਗਿੰਦਰ ਮਸੀਹ ਵਾਸੀ ਨਾਰਦਾਂ ਨੇ ਉਪ ਦਫ਼ਤਰ ਗੁਰਦਾਸਪੁਰ ਵਿਖੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮੇਰਾ ਵਿਆਹ 2020 'ਚ ਜੋਗਿੰਦਰ ਪਾਲ ਉਰਫ਼ ਸੰਨੀ ਪੁੱਤਰ ਦਰਬਾਰੀ ਲਾਲ ਵਾਸੀ ਬਾਹੀਆਂ ਥਾਣਾ ਤਿੱਬੜ ਨਾਲ ਹੋਇਆ ਸੀ। ਭਾਵੇਂ ਸਾਡਾ ਪ੍ਰੇਮ ਵਿਆਹ ਸੀ ਅਤੇ ਪਰਿਵਾਰ ਦੀ ਸਹਿਮਤੀ ਨਾਲ ਵਿਆਹ ਮੌਕੇ ਮੇਰੇ ਪਰਿਵਾਰ ਨੇ ਹੈਸੀਅਤ ਤੋਂ ਵੱਧ ਦਾਜ ਦਿੱਤਾ ਸੀ। ਪਰ ਮੇਰਾ ਪਤੀ ਨਸ਼ੇੜੀ ਹੋਣ ਕਰਕੇ ਉਸ ਨੇ ਘਰ ਦਾ ਸਾਰਾ ਸਮਾਨ ਵੇਚ ਦਿੱਤਾ ਹੈ ਅਤੇ ਗਹਿਣੇ ਤੇ ਮੋਟਰਸਾਈਕਲ ਵੀ ਗਿਰਵੀ ਰੱਖੇ ਹੋਏ ਹਨ। ਮੇਰਾ ਇਕ ਸਾਲ ਦਾ ਲੜਕਾ ਹੈ। ਪੀੜਤ ਲੜਕੀ ਨੇ ਦੱਸਿਆ ਕਿ 20 ਅਗਸਤ ਨੂੰ ਆਪਣੇ ਪਤੀ ਖਿਲਾਫ਼ ਥਾਣਾ ਤਿੱਬੜ ਵਿਖੇ ਦਰਖਾਸਤ ਦਿੱਤੀ ਸੀ ਅਤੇ ਦੋਵਾਂ ਪੰਚਾਇਤਾਂ ਦੀ ਸਹਿਮਤੀ ਨਾਲ ਉਹ ਦੁਬਾਰਾ ਆਪਣੇ ਸਹੁਰੇ ਘਰ ਚਲੀ ਗਈ ਸੀ। ਉਸ ਤੋਂ ਬਾਅਦ ਵੀ ਮੇਰੇ ਪਤੀ ਵਲੋਂ ਮੇਰੀ ਮਾਰ ਕੁਟਾਈ ਕਰਨ ਦੇ ਨਾਲ ਹੁਣ ਗੱਡੀ ਦੀ ਮੰਗ ਕਰ ਰਿਹਾ ਹੈ ਅਤੇ ਧਮਕੀ ਦਿੱਤੀ ਹੈ ਕਿ ਗੱਡੀ ਨਾ ਦਿੱਤੀ ਤਾਂ ਉਹ ਆਪਣੇ ਸਹੁਰੇ ਪਰਿਵਾਰ ਦੇ ਘਰ ਅੱਗੇ ਆਤਮ ਹੱਤਿਆ ਕਰ ਲਵੇਗਾ। ਪੀੜਤ ਪਵਨ ਨੇ ਦੱਸਿਆ ਕਿ ਇਸ ਸਬੰਧੀ 30 ਨਵੰਬਰ ਨੂੰ ਜ਼ਿਲ੍ਹਾ ਮੁਖੀ ਗੁਰਦਾਸਪੁਰ ਨੂੰ ਆਪਣੇ ਪਤੀ ਖਿਲਾਫ਼ ਦਰਖਾਸਤ ਵੀ ਦਿੱਤੀ ਸੀ। ਪਰ ਪੁਲਿਸ ਨੇ 10 ਦਿਨ ਬੀਤ ਜਾਣ ਵੀ ਮੇਰੇ ਪਤੀ ਖਿਲਾਫ਼ ਕੋਈ ਕਾਰਵਾਈ ਨਹੀਂ ਕੀਤੀ। ਉਨ੍ਹਾਂ ਜ਼ਿਲ੍ਹਾ ਪੁਲਿਸ ਮੁਖੀ ਗੁਰਦਾਸਪੁਰ ਪਾਸੋਂ ਮੰਗ ਕੀਤੀ ਹੈ ਕਿ ਮੇਰੇ ਪਤੀ ਖਿਲਾਫ਼ ਤੁਰੰਤ ਲੋੜੀਂਦੀ ਕਾਰਵਾਈ ਕਰਨ ਲਈ ਥਾਣਾ ਤਿੱਬੜ ਨੂੰ ਹਦਾਇਤਾਂ ਕੀਤੀਆਂ ਜਾਣ। ਜਿਸ ਨਾਲ ਮੇਰੇ ਪਰਿਵਾਰ ਤੇ ਮੇਰਾ ਜਾਨੀ ਮਾਲੀ ਨੁਕਸਾਨ ਹੋਣ ਤੋਂ ਬਚ ਸਕੇ। ਜਦੋਂ ਇਸ ਮਾਮਲੇ ਸਬੰਧੀ ਉਸ ਦੇ ਪਤੀ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨਾਲ ਬਾਰ-ਬਾਰ ਫ਼ੋਨ ਕਰਨ 'ਤੇ ਸੰਪਰਕ ਨਹੀਂ ਹੋ ਸਕਿਆ।

ਪੀੜਤ ਪਵਨ ਆਪਣੇ ਪਰਿਵਾਰ ਸਮੇਤ ਉਪ ਦਫ਼ਤਰ ਗੁਰਦਾਸਪੁਰ ਵਿਖੇ ਜਾਣਕਾਰੀ ਦਿੰਦੇ ਹੋਏ। ਤਸਵੀਰ: ਵਿਸ਼ਾਲ ਮੁੰਨਾ

ਦਿਲਰਾਜ ਸਿੰਘ ਜੌੜਾ ਸਿੰਘਾ ਦਾ ਸਨਮਾਨ ਕਰਦੇ ਹੋਏ ਦਲਜੀਤ ਸਿੰਘ ਸ਼ਾਹ ਅਤੇ ਪਿੰਡ ਵਾਸੀ। ਅਜੀਤ ਤਸਵੀਰ

ਏਸ਼ੀਅਨ ਜੂਨੀਅਰ ਹਾਕੀ 'ਚ ਚੈਂਪੀਅਨ ਚੁਣੇ ਦਿਲਰਾਜ ਸਿੰਘ ਜੌੜਾ ਸਿੰਘਾ ਦਾ ਬਟਾਲਾ 'ਚ ਦਲਜੀਤ ਸਿੰਘ ਸ਼ਾਹ ਨੇ ਕੀਤਾ ਭਰਵਾਂ ਸਵਾਗਤ

ਪਿੰਡ ਵਾਸੀਆਂ 'ਚ ਖੁਸ਼ੀ ਦੀ ਲਹਿਰ

ਬਟਾਲਾ, 8 ਦਸੰਬਰ (ਹਰਦੇਵ ਸਿੰਘ ਸੰਧੂ)-ਮਸਕਟ 'ਚ ਹੋਈ ਏਸ਼ੀਅਨ ਜੂਨੀਅਰ ਹਾਕੀ ਚੈਂਪੀਅਨਸ਼ਿਪ 'ਚ ਬਟਾਲਾ ਨਜ਼ਦੀਕ ਪਿੰਡ ਜੌੜਾਸਿੰਘਾ ਦਾ ਨੌਜਵਾਨ ਦਿਲਰਾਜ ਸਿੰਘ ਨੇ ਵੱਡੀਆਂ ਮੱਲ੍ਹਾਂ ਮਾਰਦਿਆਂ ਏਸ਼ੀਅਨ ਜੂਨੀਅਰ ਚੈਂਪੀਅਨ ਬਣ ਕੇ ਆਪਣੇ ਇਲਾਕੇ, ਦੇਸ਼ ਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ ਹੈ। ਅੱਜ ਏਸ਼ੀਅਨ ਚੈਂਪੀਅਨ ਬਣਨ ਉਪਰੰਤ ਪਹਿਲੀ ਵਾਰ ਬਟਾਲਾ ਪਹੁੰਚਣ 'ਤੇ ਪਿੰਡ ਵਾਸੀਆਂ ਤੇ ਇਲਾਕੇ ਦੇ ਲੋਕਾਂ ਵਲੋਂ ਡੇਰਾ ਰੋਡ ਬਾਈਪਾਸ 'ਤੇ ਆੜ੍ਹਤੀ ਦਲਜੀਤ ਸਿੰਘ ਸ਼ਾਹ ਦੀ ਅਗਵਾਈ 'ਚ ਭਰਵਾਂ ਸਵਾਗਤ ਕੀਤਾ ਗਿਆ। ਬਟਾਲਾ ਪਹੁੰਚਣ 'ਤੇ ਦਿਲਰਾਜ ਸਿੰਘ ਨੇ ਸਭ ਤੋਂ ਪਹਿਲਾਂ ਆਪਣੀ ਮਾਤਾ ਦੇ ਪੈਰ ਛੂਹ ਕੇ ਅਸ਼ੀਰਵਾਦ ਲਿਆ ਤੇ ਵੱਡੇ ਕਾਫਲੇ ਦੇ ਰੂਪ ਵਿਚ ਆਪਣੇ ਪਿੰਡ ਲਈ ਰਵਾਨਾ ਹੋਇਆ। ਇਸ ਮੌਕੇ 'ਅਜੀਤ' ਨਾਲ ਗੱਲਬਾਤ ਕਰਦਿਆਂ ਦਿਲਰਾਜ ਸਿੰਘ ਜੌੜਾਸਿੰਘਾ ਨੇ ਦੱਸਿਆ ਕਿ ਏਸ਼ੀਅਨ ਜੂਨੀਅਰ ਚੈਂਪੀਅਨਸ਼ਿਪ ਮਸਕਟ ਵਿਖੇ ਹੋਈ, ਜਿਸ ਵਿਚ ਸਾਡਾ ਸੈਮੀਫਾਈਨਲ ਮੁਕਾਬਲਾ ਮਲੇਸ਼ੀਆ ਨਾਲ ਹੋਣ ਉਪਰੰਤ ਫਾਈਨਲ ਮੁਕਾਬਲਾ ਪਾਕਿਸਤਾਨ ਨਾਲ ਹੋਇਆ, ਜਿਸ ਵਿਚ ਸਾਡੀ ਟੀਮ ਨੇ 5-3 ਦੇ ਗੋਲਾਂ ਦੇ ਫਰਕ ਨਾਲ ਜਿੱਤ ਹਾਸਲ ਕੀਤੀ। ਇਸ ਮੈਚ ਵਿਚ ਤਿੰਨ ਗੋਲ ਦਿਲਰਾਜ ਸਿੰਘ ਨੇ ਕੀਤੇ, ਜਿਸ ਨੂੰ ਲੈ ਕੇ ਮੈਨ ਆਫ਼ ਦੀ ਮੈਚ ਦਾ ਖਿਤਾਬ ਵੀ ਦਿਲਰਾਜ ਸਿੰਘ ਨੂੰ ਮਿਲਿਆ। ਉਨ੍ਹਾਂ ਦੱਸਿਆ ਕਿ ਸੈਮੀਫਾਈਨਲ ਵਿਚ ਵੀ ਮੈਨੂੰ ਮੈਨ ਆਫ ਦਾ ਮੈਚ ਐਲਾਨਿਆ ਗਿਆ ਸੀ। ਇਸ ਮੌਕੇ ਸਵਾਗਤ ਕਰਨ ਵਾਲਿਆਂ ਵਿਚ ਦਲਜੀਤ ਸਿੰਘ ਸ਼ਾਹ ਆੜ੍ਹਤੀ, ਗੁਰਜੀਤ ਸਿੰਘ ਗੀਤੂ ਸਰਪੰਚ ਜੌੜਾਸਿੰਘ, ਰਾਹੁਲਦੀਪ ਸਿੰਘ ਸਰਪੰਚ ਛੋਟਾ ਜੌੜਾਸਿੰਘਾ, ਮਨਦੀਪ ਸਿੰਘ ਖਾਲਸਾ, ਜਤਿੰਦਰ ਸਿੰਘ ਬਾਂਗੋਵਾਣੀ, ਬਲਿਹਾਰ ਸਿੰਘ ਸਰਪੰਚ ਡੇਰਾ ਨਵਾਂ ਜੌੜਾ ਸਿੰਘਾ, ਲਾੜਾ ਜੌੜਾ, ਰਮਨ ਕੁਮਾਰ, ਸ਼ਰਨ ਉਪਲ ਯੂ.ਕੇ., ਬਚਿੱਤਰ ਸਿੰਘ ਲੰਬੜ, ਗੁਰਨਾਮ ਸਿੰਘ ਖਹਿਰਾ, ਜਥੇਦਾਰ ਪਰਮਵੀਰ ਸਿੰਘ ਲਾਡੀ ਪ੍ਰਤਾਪਗੜ੍ਹ, ਅਨਿਲ ਡੋਗਰਾ, ਲਵਪ੍ਰੀਤ ਸਿੰਘ ਧਰਮਕੋਟ, ਲਵਜੀਤ ਸਿੰਘ, ਸੁੱਖਾ ਮੱਘਾ, ਟਿੱਕਾ ਫ਼ੌਜੀ ਆਦਿ ਹਾਜ਼ਰ ਸਨ।

ਭੇਦਭਰੇ ਹਾਲਾਤ ਵਿਚ ਨੌਜਵਾਨ ਦੀ ਮੌਤ

ਡੇਹਰੀਵਾਲ ਦਰੋਗਾ, 8 ਦਸੰਬਰ (ਹਰਦੀਪ ਸਿੰਘ ਸੰਧੂ)-ਭੇਦਭਰੇ ਹਾਲਤ ਵਿਚ ਇਕ ਨੌਜਵਾਨ ਦੀ ਪਿੰਡ ਠੱਕਰ ਸੰਧੂ ਨਹਿਰ ਕਿਨਾਰੇ ਤੋਂ ਲਾਸ਼ ਮਿਲੀ ਹੈ। ਇਸ ਸਬੰਧੀ ਥਾਣਾ ਸੇਖਵਾਂ ਦੀ ਪੁਲਿਸ ਵਲੋਂ ਜਾਂਚ ਕੀਤੀ ਜਾ ਰਹੀ ਹੈ। ਜਾਣਕਾਰੀ ਅਨੁਸਾਰ ਬਲਵਿੰਦਰ ਸਿੰਘ (25) ਪੁੱਤਰ ਬਚਨ ਸਿੰਘ ਪਿੰਡ ਖਾਨ ਪਿਆਰਾ ਦੀ ਭੇਦਭਰੇ ਹਾਲਾਤਾਂ ਵਿਚ ਲਾਸ਼ ਮਿਲੀ ਹੈ। ਥਾਣਾ ਸੇਖਵਾਂ ਏਐੱਸਆਈ ਚਰਨਜੀਤ ਸਿੰਘ ਨੇ ਦੱਸਿਆ ਕਿ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਕਬਜ਼ੇ ਵਿਚ ਲੈ ਲਿਆ ਹੈ ਅਤੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਮ੍ਰਿਤਕ ਬਲਵਿੰਦਰ ਸਿੰਘ ਦੀ ਪੁਰਾਣੀ ਤਸਵੀਰ

ਪੈਨਸ਼ਨਰਾਂ ਦੀਆਂ ਮੰਗਾਂ ਨੂੰ ਲੈ ਕੇ ਐਸੋਸੀਏਸ਼ਨ ਆਗੂਆਂ ਨੇ ਕੀਤੀ ਨਾਅਰੇਬਾਜ਼ੀ

ਧਾਰੀਵਾਲ, 8 ਦਸੰਬਰ (ਸਵਰਨ ਸਿੰਘ)-ਪੈਨਸ਼ਨਰਾਂ ਦੀਆਂ ਮੰਗਾਂ ਨੂੰ ਲੈ ਕੇ ਪੈਨਸ਼ਨਰਜ ਐਸੋਸੀਏਸ਼ਨ ਮੰਡਲ ਧਾਰੀਵਾਲ ਦੀ ਮੀਟਿੰਗ ਬਲਵਿੰਦਰ ਸਿੰਘ ਦੂਲਾਨੰਗਲ ਦੀ ਪ੍ਰਧਾਨਗੀ ਹੇਠ ਮਿੱਲ ਗਰਾਊਂਡ ਧਾਰੀਵਾਲ ਵਿਖੇ ਹੋਈ, ਜਿਸ ਵਿਚ ਬੁਲਾਰਿਆਂ ਨੇ ਪੰਜਾਬ ਸਰਕਾਰ ਅਤੇ ਪਾਵਰਕਾਮ ਮੈਨੇਜਮੈਂਟ ਵਲੋਂ ਪੈਨਸ਼ਨਰਾਂ ਪ੍ਰਤੀ ਅਪਨਾਏ ਮਾੜੇ ਅਤੇ ਅੜੀਅਲ ਵਤੀਰੇ ਦੀ ਘੋਰ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰ ਅਤੇ ਪਾਵਰਕਾਮ ਮੈਨੇਜਮੈਂਟ ਵਲੋਂ ਟਾਲ-ਮਟੋਲ ਵਾਲੀ ਨੀਤੀ ਕਾਰਨ ਪੈਨਸ਼ਨਰਾਂ ਅੰਦਰ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੈਨਸ਼ਨਰਾਂ ਦੇ ਸਕੇਲ 2.45 ਦੀ ਬਜਾਏ 2.59 ਦੇ ਫੈਕਟਰ ਨਾਲ ਸੋਧਣਾ, ਬਣਦਾ ਏਰੀਅਰ ਜਾਰੀ ਕਰਨਾ, ਡੀ.ਏ. ਦੀਆਂ ਬਕਾਇਆ ਕਿਸ਼ਤਾਂ ਜਾਰੀ ਕਰਨਾ, ਕੈਸਲੈਸ ਮੈਡੀਕਲ ਸਕੀਤ ਲਾਗੂ ਕਰਨਾ ਆਦਿ ਕਈ ਹੋਰ ਮੰਨੀਆਂ ਜਾਇਜ਼ ਮੰਗਾਂ ਨੂੰ ਤੁਰੰਤ ਲਾਗੂ ਕੀਤਾ ਜਾਵੇ। ਇਸ ਮੌਕੇ ਉਨ੍ਹਾਂ ਸਰਕਾਰ ਅਤੇ ਪਾਵਰਕਾਮ ਦੇ ਖਿਲਾਫ਼ ਨਾਅਰੇਬਾਜ਼ੀ ਵੀ ਕੀਤੀ। ਉਨ੍ਹਾਂ ਕਿਹਾ ਕਿ ਸੂਬਾ ਕਮੇਟੀ ਦੇ ਆਦੇਸ਼ਾਂ 'ਤੇ 28 ਦਸੰਬਰ ਨੂੰ ਰਾਮ ਦੱਤ ਮੈਮੋਰੀਅਲ ਹਾਲ ਗੁਰਦਾਸਪੁਰ ਵਿਖੇ ਕਨਵੈਨਸ਼ਨ ਵੀ ਕੀਤੀ ਜਾਵੇਗੀ। ਮੀਟਿੰਗ ਨੂੰ ਬਾਬਾ ਬਲਵਿੰਦਰ ਸਿੰਘ, ਅਮਰੀਕ ਸਿੰਘ ਬਾਂਗੋਵਾਨੀ, ਤਰਸੇਮ ਸਿੰਘ, ਅਮਰ ਨਾਥ, ਬਲਵਿੰਦਰ ਸਿੰਘ ਨੰਗਲ ਆਦਿ ਨੇ ਵੀ ਸੰਬੋਧਨ ਕੀਤਾ।

ਧਾਰੀਵਾਲ ਮਿੱਲ ਗਰਾਊਂਡ ਵਿਖੇ ਪੈਨਸ਼ਨਰ ਐਸੋਸੀਏਸ਼ਨ ਆਗੂ ਨਾਅਰੇਬਾਜ਼ੀ ਕਰਦੇ ਹੋਏ। ਤਸਵੀਰ : ਸਵਰਨ ਸਿੰਘ

ਮੀਟਿੰਗ ਦੌਰਾਨ ਹਾਜ਼ਰ ਲੋਕ ਸੱਭਿਆਚਾਰਕ ਪਿੜ ਪਰਿਵਾਰ ਦੇ ਮੈਂਬਰ। ਤਸਵੀਰ: ਵਿਸ਼ਾਲ ਮੁੰਨਾ

ਪਿੜ ਪਰਿਵਾਰ ਵਲੋਂ ਸੁਨੱਖੀ ਪੰਜਾਬਣ ਮੁਟਿਆਰ ਮੁਕਾਬਲੇ ਸੰਬੰਧੀ ਪਲੇਠੀ ਮੀਟਿੰਗ 'ਚ ਅਹਿਮ ਵਿਚਾਰਾਂ

ਗੁਰਦਾਸਪੁਰ, 8 ਦਸੰਬਰ (ਅਸ਼ੋਕ ਸ਼ਰਮਾ)-ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਜੋਤ ਨੂੰ ਜਗ-ਮਗਾ ਕੇ ਰੱਖਣ ਵਾਲੀ ਸੰਸਥਾ ਲੋਕ ਸਭਿਆਚਾਰਕ ਪਿੜ ਗੁਰਦਾਸਪੁਰ ਵਲੋਂ ਪਲੇਠੀ ਮੀਟਿੰਗ ਰਾਮ ਸਿੰਘ ਦੱਤ ਹਾਲ ਗੁਰਦਾਸਪੁਰ ਵਿਖੇ ਲੋਕ ਸਭਿਆਚਾਰਕ ਪਿੜ ਦੇ ਪ੍ਰਧਾਨ ਜੈਕਬ ਮਸੀਹ ਤੇਜਾ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਵਿਚ ਅਹਿਮ ਵਿਚਾਰਾਂ 'ਤੇ ਚਰਚਾ ਵੀ ਕੀਤੀ ਗਈ। ਉਨ੍ਹਾਂ ਦੱਸਿਆ ਕਿ ਪਿੜ ਦੇ ਬਾਨੀ ਅਜੈਬ ਸਿੰਘ ਚਾਹਲ, ਸਪ੍ਰਸਤ ਬੀਬੀ ਅਮਰੀਕ ਕੌਰ ਤੋਂ ਇਲਾਵਾ ਡਾ: ਐੱਸ. ਯੂਸਫ, ਡਾ: ਅਮਰਜੀਤ ਕੌਰ ਕਾਲਕਟ, ਪ੍ਰੋ: ਕੁਲਵਿੰਦਰ ਕੌਰ, ਡਾ: ਗੁਰਜੀਤ ਸਿੰਘ ਝੋਰ, ਬੀਬੀ ਕੁਲਮਿੰਦਰ ਕੌਰ, ਮਾਸਟਰ ਸਰਬਜੀਤ ਸਿੰਘ, ਮਾਸਟਰ ਰਾਜ ਕੁਮਾਰ, ਡਾ: ਹੈਪੀ ਵਿਨਸੈਂਟ, ਵਿਲਸ ਰਾਇਲ, ਰਜਿੰਦਰ ਸਿੰਘ ਛੀਨਾ, ਪਰਮਜੀਤ ਕੌਰ, ਕਾਨਵ ਆਨੰਦ, ਸਿਮਰਨਜੀਤ ਸਿੰਘ, ਜਸਨੂਰ ਆਦਿ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਕੇ ਹਾਜ਼ਰੀ ਭਰੀ। ਉਨ੍ਹਾਂ ਕਿਹਾ ਕਿ ਖਤਮ ਹੋ ਰਹੇ ਪੰਜਾਬੀ ਸੱਭਿਆਚਾਰ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਪੰਜਾਬ ਦੀ ਵਿਰਾਸਤ ਨਾਲ ਨਵੀਂ ਪੀੜ੍ਹੀ ਨੂੰ ਜੋੜਨ ਲਈ ਕੁਝ ਖਾਸ ਨੁਕਤੇ ਸਾਂਝੇ ਕੀਤੇ ਗਏ। ਅੰਤ ਵਿਚ ਮੀਟਿੰਗ ਵਿਚ ਪਹੁੰਚੀਆਂ ਸ਼ਖ਼ਸੀਅਤਾਂ ਦਾ ਪ੍ਰਧਾਨ ਜੈਕਬ ਮਸੀਹ ਤੇਜਾ ਨੇ ਧੰਨਵਾਦ ਕੀਤਾ।

ਗੁਰਦਾਸਪੁਰ ਅਤੇ ਬਟਾਲਾ ਵਿਚ ਕੰਨਾਂ ਦਾ ਫ੍ਰੀ ਟੈਸਟ ਅਤੇ 50 ਫ਼ੀਸਦੀ ਛੋਟ 'ਤੇ ਕੰਨਾਂ ਦੀਆਂ ਮਸ਼ੀਨਾਂ ਉਪਲਬਧ

ਬਠਿੰਡਾ, 8 ਦਸੰਬਰ (ਪੱਤਰ ਪ੍ਰੇਰਕ)-ਜਿਹੜੇ ਲੋਕਾਂ ਨੂੰ ਘੱਟ ਸੁਣਾਈ ਦਿੰਦਾ ਹੈ, ਉਨ੍ਹਾਂ ਨੂੰ ਹੁਣ ਘਬਰਾਉਣ ਦੀ ਲੋੜ ਨਹੀਂ ਹੈ ਕਿਉਂਕਿ ਉਹ ਇਸ ਸਮੱਸਿਆ ਤੋਂ ਛੁਟਕਾਰਾ ਪਾ ਸਕਦੇ ਹਨ। ਸਮਾਜ ਦੇ ਹਰ ਵਰਗ ਲਈ ਬਹੁਤ ਵਧੀਆ ਤੇ 50 ਫ਼ੀਸਦੀ ਛੋਟ ਉੱਪਰ 10 ਦਸੰਬਰ 2024 ਦਿਨ ਮੰਗਲਵਾਰ ਨੂੰ ਹੋਟਲ ਇੰਟਰਨੈਸ਼ਨਲ ਨੇੜੇ ਪੁਰਾਣਾ ਬੱਸ ਅੱਡਾ ਗੁਰਦਾਸਪੁਰ ਅਤੇ 11 ਦਸੰਬਰ 2024 ਦਿਨ ਬੁੱਧਵਾਰ ਨੂੰ ਹੋਟਲ ਸ਼ਨੀ ਨੇੜੇ ਬੱਸ ਸਟੈਂਡ ਬਟਾਲਾ ਵਿਖੇ ਸਵੇਰੇ 10 ਵਜੇ ਤੋਂ ਸ਼ਾਮ 3 ਵਜੇ ਤੱਕ ਵਿਸ਼ੇਸ਼ ਕੈਂਪ ਲਗਾਇਆ ਜਾ ਰਿਹਾ ਹੈ। ਇਸ ਦੌਰਾਨ ਬਹੁਤ ਹੀ ਘੱਟ ਮੁੱਲ ਅਤੇ 50 ਫ਼ੀਸਦੀ ਛੋਟ 'ਤੇ ਮਸ਼ੀਨਾਂ ਦਿੱਤੀਆਂ ਜਾ ਰਹੀਆਂ ਹਨ। ਇਹ ਮਸ਼ੀਨਾਂ ਹਰ ਉਮਰ ਦੇ ਲੋਕਾਂ ਤੇ ਬੱਚਿਆਂ ਲਈ ਵਰਦਾਨ ਸਾਬਿਤ ਹੋ ਰਹੀਆਂ ਹਨ। ਲੋਕਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਇਸ ਮੌਕੇ ਦਾ ਲਾਭ ਉਠਾਉਣ ਅਤੇ ਅਪਣੀ ਘੱਟ ਸੁਣਨ ਦੀ ਸਮੱਸਿਆ ਤੋਂ ਛੁਟਕਾਰਾ ਪਾਉਣ।